To Count Service for Pension Before 1-1-2004

ਸਮੂਹ ਵਿਭਾਗਾਂ ਦੇ ਮੁੱਖੀ,
ਮੰਡਲਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ
ਰਾਜ ਦੇ ਸਾਰੇ ਡਿਪਟੀ ਕਮਿਸ਼ਨਰ।

ਵਿਸ਼ਾ:- ਮਿਤੀ 1.1.2004 ਨੂੰ ਜਾਂ ਇਸਤੋਂ ਬਾਅਦ ਸਰਕਾਰੀ ਨੌਕਰੀ ਵਿੱਚ ਤਕਨੀਕੀ ਅਸਤੀਫਾ ਦੇ ਕੇ ਭਰਤੀ ਹੋਏ ਸਰਕਾਰੀ ਕਰਮਚਾਰੀਆਂ ਦੀ ਪਿਛਲੀ ਸੇਵਾ ਪੈਨਸ਼ਨਰੀ ਲਾਭਾਂ ਲਈ ਗਿਣਨ ਬਾਰੇ।

****

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵਲੋਂ ਮਿਤੀ 1.1.2004 ਨੂੰ ਜਾਂ ਇਸਤੋਂ ਬਾਅਦ ਸਰਕਾਰੀ ਨੌਕਰੀ ਵਿੱਚ ਭਰਤੀ ਹੋਣ ਵਾਲੇ ਕਰਮਚਾਰੀਆਂ ਤੇ ਨਵੀਂ ਡਿਫਾਈਂਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਕੀਤੀ ਗਈ ਹੈ। ਇਹ ਨਵੀਂ ਪੈਨਸ਼ਨ ਸਕੀਮ ਕੇਂਦਰ ਸਰਕਾਰ ਵਲੋਂ ਮਿਤੀ 1.1.2004 ਤੋਂ ਆਪਣੇ ਕਰਮਚਾਰੀਆਂ ਤੇ ਲਾਗੂ ਕੀਤੀ ਨਵੀਂ ਡਿਫਾਈਂਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਤੇ ਆਧਾਰਿਤ ਹੈ। ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ ਦੀ ਸਬੰਧਤ ਅਥਾਰਟੀ ਨੂੰ ਇਹ ਸਪਸ਼ਟੀਕਰਨ ਦੇਣ ਦੀ ਬੇਨਤੀ ਕੀਤੀ ਗਈ ਸੀ ਕਿ ਜੇਕਰ ਰਾਜ ਸਰਕਾਰ ਦਾ ਕੋਈ ਕਰਮਚਾਰੀ ਮਿਤੀ 1.1.2004 ਤੋਂ ਪਹਿਲਾਂ ਸੇਵਾ ਵਿੱਚ ਹੋਵੇ ਅਤੇ ਉਹ ਇਸ ਮਿਤੀ ਤੋਂ ਬਾਅਦ ਕੇਂਦਰ/ਰਾਜ ਸਰਕਾਰ ਵਿਖੇ ਹੋਰ ਅਸਾਮੀ ਤੇ ਨਿਯੁਕਤ ਹੁੰਦਾ ਹੈ ਤਾਂ ਕੀ ਉਸ ਤੇ ਕੇਂਦਰ/ਰਾਜ ਸਰਕਾਰ ਦੇ ਪੁਰਾਣੇ ਪੈਨਸ਼ਨ ਨਿਯਮ ਲਾਗੂ ਹੋਣਗੇ ਜਾਂ ਨਵੀਂ ਪੈਨਸ਼ਨ ਸਕੀਮ ਲਾਗੂ ਹੋਵੇਗੀ। ਇਸ ਸਬੰਧੀ ਵਿੱਚ ਕੇਂਦਰ ਸਰਕਾਰ ਨੇ ਓ.ਐਮ. ਨੰ : 28 / 30 / 2004 -ਪੀ.ਐਂਡ ਪੀ.ਡਬਲਿਊ(ਬੀ), ਮਿਤੀ 26.7.2005 ਰਾਹੀਂ ਜਾਰੀ ਸਪਸ਼ਟੀਕਰਨ ਵੱਲ ਧਿਆਨ ਦਿਵਾਇਆ ਹੈ ਜਿਸਨੂੰ ਪੰਜਾਬ ਸਰਕਾਰ ਵੱਲੋਂ ਵਿਚਾਰਨ ਉਪਰੰਤ, ਹੇਠ ਅਨੁਸਾਰ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ :-

(I) ਰਾਜ ਸਰਕਾਰ ਦਾ ਕੋਈ ਕਰਮਚਾਰੀ ਜੋ ਮਿਤੀ 31.12.2003 ਜਾਂ ਇਸ ਤੋਂ ਪਹਿਲਾਂ ਪੁਰਾਣੀ ਪੈਨਸ਼ਨ ਸਕੀਮ ਅਧੀਨ ਕਵਰ ਹੁੰਦਾ ਸੀ, ਜੇ ਉਹ ਤਕਨੀਕੀ ਆਧਾਰ ਤੇ ਅਸਤੀਫਾ ਦੇ ਕੇ ਰਾਜ ਸਰਕਾਰ ਦੀ ਕਿਸੇ ਹੋਰ ਅਸਾਮੀ/ਵਿਭਾਗ ਵਿੱਚ ਨਿਯੁੱਕਤ ਹੋ ਜਾਂਦਾ ਹੈ ਤਾਂ ਉਸ ਕਰਮਚਾਰੀ ਤੇ ਪੁਰਾਣੀ ਪੈਨਸ਼ਨ ਸਕੀਮ ਹੀ ਲਾਗੂ ਰਹੇਗੀ।

(II) ਜਿਹੜਾ ਸਰਕਾਰੀ ਕਰਮਚਾਰੀ ਮਿਤੀ 31.12.2003 ਜਾਂ ਇਸ ਤੋਂ ਪਹਿਲਾਂ ਕੇਂਦਰ ਸਰਕਾਰ/ਰਾਜ ਸਰਕਾਰ ਦੇ ਅਜਿਹੇ ਵਿਭਾਗ/ਸੰਸਥਾ ਵਿੱਚ ਨੌਕਰੀ ਕਰਦਾ ਸੀ ਜਿਥੇ ਉਸਤੇ ਸੀ.ਪੀ.ਐਫ. ਸਕੀਮ ਜਾਂ ਕੇਂਦਰ/ਸਟੇਟ ਦੀ ਕੋਈ ਹੋਰ ਪੈਨਸ਼ਨ ਸਕੀਮ, ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਜਿਲਦ 2 ਨੂੰ ਛੱਡ ਕੇ ਲਾਗੂ ਸੀ, ਜੇਕਰ ਉਹ ਮਿਤੀ 1.1.2004 ਜਾਂ ਇਸਤੋਂ ਬਾਅਦ ਤਕਨੀਕੀ ਆਧਾਰ ਤੇ ਅਸਤੀਫਾ ਦੇ ਕੇ, ਕੇਂਦਰ ਸਰਕਾਰ/ਰਾਜ ਸਰਕਾਰ ਦੀ ਸੇਵਾ ਗ੍ਰਹਿਣ ਕਰਦਾ ਹੈ ਤਾਂ ਉਸਤੇ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਜਿਲਦ 2 ਅਧੀਨ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਹੋਵੇਗੀ ਜਾ ਸਕਦੀ ਕਿਉਂਕਿ ਇਹ ਸਕੀਮ ਮਿਤੀ 31.12.2003 ਤੋਂ ਸਮਾਪਤ ਕੀਤੀ ਜਾ ਚੁੱਕੀ ਹੈ। ਅਜਿਹੇ ਕਰਮਚਾਰੀ

ਅਸਾਧਾਰਣ ਹੋਣ ਤੇ ਪੈਨਸ਼ਨ ਲਾਇਬਿਲਟੀ ਐਲੋਕੇਸ਼ਨ ਸਬੰਧੀ ਕੀਤਾ ਉਪਬੰਧ ਲਾਗੂ ਰਹੇਗਾ। ਜਿਹੜਾ ਸਰਕਾਰੀ ਕਰਮਚਾਰੀ ਮਿਤੀ 31-12-2003 ਜਾਂ ਇਸ ਤੋਂ ਪਹਿਲਾਂ ਕੇਂਦਰ ਸਰਕਾਰ/ਰਾਜ ਸਰਕਾਰ ਦੇ ਅਜਿਹੇ ਵਿਭਾਗ/ਸੰਸਥਾ ਵਿੱਚ ਨੌਕਰੀ ਕਰਦਾ ਸੀ ਜਿਥੇ ਉਸ ਤੇ ਸੈਂਟਰਲ/ਸਟੇਟ ਦੀ ਪੈਨਸ਼ਨ ਸਕੀਮ ਲਾਗੂ ਸੀ, ਜੇਕਰ ਉਹ ਮਿਤੀ 1-1-2004 ਜਾਂ ਇਸ ਤੋਂ ਬਾਅਦ ਤਕਨੀਕੀ ਆਧਾਰ ਤੇ ਅਸਤੀਫਾ ਦੇ ਕੇ, ਕੇਂਦਰ ਸਰਕਾਰ/ਰਾਜ ਸਰਕਾਰ ਦੀ ਸੇਵਾ ਜੁਆਇਨ ਕਰਦਾ ਹੈ ਤਾਂ ਉਸਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਹੋਵੇਗੀ। ਜਿੰਨਾਂ ਕਰਮਚਾਰੀਆਂ ਤੇ ਸੀ.ਪੀ.ਐਫ ਸਕੀਮ ਲਾਗੂ ਸੀ, ਉਨ੍ਹਾਂ ਨੂੰ 1-1-2004 ਤੋਂ ਨਿਯੁਕਤ ਹੋਣ ਤੇ ਪੁਰਾਣੀ ਪੈਨਸ਼ਨ ਸਕੀਮ ਦਾ ਲਾਭ ਨਹੀਂ ਦਿੱਤਾ ਜਾਵੇਗਾ।

ਇੰਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਵਿਸ਼ਵਾਸ਼ ਪਾਤਰ

(ਓਮ ਪ੍ਰਕਾਸ਼ ਭਾਟੀਆ)
ਅਧੀਨ ਸਕੱਤਰ ਵਿੱਤ(ਖੋ)

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ।
2. ਪੰਜਾਬ ਸਰਕਾਰ ਦੇ ਸਮੂਹ ਵਿੱਤ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਸੁਪਰਡੰਟ

ਸੇਵਾ ਵਿਖੇ

1. ਮੁੱਖ ਸਕੱਤਰ, ਪੰਜਾਬ ਸਰਕਾਰ।
2. ਪੰਜਾਬ ਸਰਕਾਰ ਦੇ ਸਮੂਹ ਵਿੱਤ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ।

ਅੰ:ਵਿ:ਪੱ:ਨੰ: 6/10/2008-6ਵਿਪਪਤ/971 ਮਿਤੀ,ਚੰਡੀਗੜ੍ਹ: 12-8-10

ਪਿੱਠ ਅੰਕਣ ਨੰ: 6/10/2008-6ਵਿਪਪਤ/972 ਮਿਤੀ,ਚੰਡੀਗੜ੍ਹ: 12-8-10

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, ਪੰਜਾਬ (ਆਡਿਟ), ਚੰਡੀਗੜ੍ਹ।

ਪਿਛਲੀ ਸੇਵਾ ਦਾ ਪੈਨਸ਼ਨਰੀ ਲਾਭ/ ਟਰਮੀਨਲ ਬੈਨੀਫਿਟਸ ਆਪਣੇ ਪਿਛਲੇ ਵਿਭਾਗ/ ਸੰਸਥਾ ਤੋਂ ਲੈ ਸਕਦੇ ਹਨ, ਜਿਸ ਲਈ ਸਬੰਧਤ ਵਿਭਾਗ/ਸੰਸਥਾ ਦੇ ਨਿਯਮਾਂ ਅਧੀਨ ਮਿਲਣਯੋਗ ਹੋਣ।

ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਵਿਸ਼ਵਾਸਪਾਤਰ

(ਜਾਗੀਰ ਸਿੰਘ ਜੰਡੂ)
ਡਿਪਟੀ ਸਕੱਤਰ, ਵਿੱਤ (ਜੇ)

ਇਸਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ :

1. ਮੁੱਖ ਸਕੱਤਰ, ਪੰਜਾਬ ਸਰਕਾਰ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀ ਦਿੱਲੀ।

ਸੁਪਰਡੰਟ

ਸੇਵਾ ਵਿਖੇ,

1. ਮੁੱਖ ਸਕੱਤਰ, ਪੰਜਾਬ ਸਰਕਾਰ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।
3. ਸਥਾਨਕ ਵਿੱਤੀ ਕਮਿਸ਼ਨਰ, ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀ ਦਿੱਲੀ

ਅੰ.ਵਿ.ਪੱ.ਨੰ:6/10/2008-6ਵਿਪਪਣ/724 ਮਿਤੀ,ਚੰਡੀਗੜ੍ਹ ੨੫/੧੦/ 2008

ਪਿੱਠ ਅੰਕਣ ਨੰ:6/10/2008-6ਵਿਪਪਤ/725 ਮਿਤੀ,ਚੰਡੀਗੜ੍ਹ ੨੫/੧੦/ 2008

ਇਸਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, ਪੰਜਾਬ (ਆਡਿਟ),ਚੰਡੀਗੜ੍ਹ।
2. ਮਹਾਂਲੇਖਾਕਾਰ,ਪੰਜਾਬ (ਹੱਕਦਾਰੀ), ਚੰਡੀਗੜ੍ਹ।

ਸੁਪਰਡੰਟ

ਪਿੱਠ ਅੰਕਣ ਨੰ:6/10/2008-6ਵਿਪਪਤ/726 ਮਿਤੀ,ਚੰਡੀਗੜ੍ਹ ੨੫/੧੦ 2008

ਇਸਦਾ ਇਕ ਉਤਾਰਾ ਸਕੱਤਰ, ਪੰਜਾਬ ਵਿਧਾਨ ਸਭਾ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱਠ ਅੰਕਣ .ਨੰ:6/10/2008-6ਵਿਪਪਤ/727 ਮਿਤੀ, ਚੰਡੀਗੜ੍ਹ ੨੫/੧੦/2008

ਪਿੱਠ ਅੰਕਣ .ਨੰ:3/72/2003/3ਵਿਪਪਤ/728 ਮਿਤੀ,ਚੰਡੀਗੜ੍ਹ ੨੫/੧੦/ 2008